174.
28/02/2020

Sr. Xen/IT-3.

pstcl

ਪੰਜਾਬ ਸਟੇਟ ਟਰਾਂਸਮਿਸ਼ਨ ਕਾਰਪੋਰੇਸ਼ਨ ਲਿਮਟਿਡ
(ਰਜਿ: ਦਫ਼ਤਰ: ਪੀ.ਐਸ.ਈ.ਬੀ.,ਹੈੱਡ ਆਫਿਸ, ਦੀ ਮਾਲ, ਪਟਿਆਲਾ-147001, ਪੰਜਾਬ, ਭਾਰਤ)
Corporate Identity Number: U40109PB2010SGC033814
ਦਫ:ਨਿਗ:ਇੰਜੀ:/ ਐੱਚ ਆਰ ਅਤੇ ਪ੍ਰਬੰਧਕੀ, ਸ਼ਕਤੀ ਸਦਨ ਪਟਿਆਲਾ।

ਫੈਕਸ ਨੰ:- 0175-2220054 ਟੈਲੀਫੋਨ ਨੰ:- 0175-2970693 ਵੈਬਸਾਈਟ : pstcl.org

ਵੱਲ

1. ਮੁੱਖ ਇੰਜੀ:/ਟੀ. ਐਸ., ਪੀ.ਐਸ.ਟੀ.ਸੀ.ਐਲ , ਪਟਿਆਲਾ ।
2. ਮੁੱਖ ਇੰਜੀ:/ਪੀ ਤੇ ਐਮ, ਪੀ.ਐਸ.ਟੀ.ਸੀ.ਐਲ,ਲੁਧਿਆਣਾ ।
3. ਮੁੱਖ ਇੰਜੀ:/ਐਸ.ਐਲ.ਡੀ.ਸੀ., ਪੀ.ਐਸ.ਟੀ.ਸੀ.ਐਲ ,ਅਬਲੋਵਾਲ,ਪਟਿਆਲਾ ।
4. ਸਾਰੇ ਉਪ ਮੁੱਖ ਇੰਜੀ:/ਨਿਗ:ਇੰਜੀ: ਪੀ.ਐਸ.ਟੀ.ਸੀ.ਐਲ , ਪਟਿਆਲਾ ।
5. ਸੁਪਰਡੈਂਟ/ਅਮਲਾ, ਪੀ.ਐਸ.ਟੀ.ਸੀ.ਐਲ, ਪਟਿਆਲਾ ।

ਮੀਮੋ ਨੰ: 2618/38 SEN/SSA/08 ਮਿਤੀ: 28/2/2020

**ਵਿਸ਼ਾ:-** **ਪੀ.ਐਸ.ਟੀ.ਸੀ.ਐਲ ਵੱਲੋ ਭਰਤੀ ਕੀਤੇ ਐਸ.ਐਸ.ਏ. ਕਰਮਚਾਰੀਆਂ ਦੀ ਮਿਤੀ 05-09-14 ਤੋ 31-12-2015 ਤੱਕ ਦੀ ਟੈਨਟੇਟਿਵ ਸੀਨੀਆਰਤਾ ਸੂਚੀ ਨੂੰ ਅੰਤਿਮ ਸੀਨੀਆਰਤਾ ਸੂਚੀ ਘੋਸ਼ਿਤ ਕਰਨ ਸਬੰਧੀ ।**

**ਹਵਾਲਾ:-** **ਇਸ ਦਫ਼ਤਰ ਦਾ ਮੀਮੋ ਨੰ: 15821/24 ਮਿਤੀ 24-12-2019.**

ਉਪਰੋਕਤ ਹਵਾਲੇ ਰਾਹੀਂ ਪੀਐਸਟੀਸੀਐਲ ਵੱਲੋਂ ਨਿਯੁਕਤ ਕੀਤੇ ਐਸ.ਐਸ.ਏ. ਕਰਮਚਾਰੀਆਂ ਦੀ ਮਿਤੀ 05-09-2014 ਤੋ 31-12-2015 ਤੱਕ ਦੀ ਟੈਨਟੇਟਿਵ ਸੀਨੀਆਰਤਾ ਸੂਚੀ ਪੀ.ਐਸ.ਟੀ.ਸੀ.ਐਲ ਦੇ ਸਬੰਧਤ ਦਫ਼ਤਰਾ ਨੂੰ ਸਰਕੂਲੇਟ ਕੀਤੀ ਗਈ ਸੀ। ਇਸ ਟੈਨਟੇਟਿਵ ਸੀਨੀਆਰਤਾ ਸੂਚੀ ਨੂੰ ਪੀਐਸਟੀਸੀਐਲ ਦੀ ਵੈਬ ਸਾਈਟ ਤੇ ਪਾਉਂਦੇ ਹੋਏ ਬੇਨਤੀ ਕੀਤੀ ਗਈ ਸੀ ਕਿ ਸੀਨੀਆਰਤਾ ਸੂਚੀ ਵਿੱਚ ਦਰਸਾਏ ਐਸ.ਐਸ.ਏ. ਕਰਮਚਾਰੀਆਂ ਦੇ ਸੇਵਾ ਵੇਰਵੇ ਉਨ੍ਹਾਂ ਦੀਆਂ ਸੇਵਾ ਪੱਤਰੀਆਂ ਤੋ ਜਾਂਚ ਲਏ ਜਾਣ ਅਤੇ ਇਹ ਟੈਨਟੇਟਿਵ ਸੀਨੀਆਰਤਾ ਸੂਚੀ ਸਾਰੇ ਸਬੰਧਤ ਕਰਮਚਾਰੀਆਂ ਤੋ ਨੋਟ ਕਰਵਾ ਲਈ ਜਾਵੇ। ਜੇਕਰ ਕੋਈ ਕਰਮਚਾਰੀ ਇਹ ਅਨੁਭਵ ਕਰੇ ਕਿ ਉਸਨੂੰ ਸੀਨੀਆਰਤਾ ਨੰਬਰ ਸਹੀ ਅਲਾਟ ਨਹੀ ਕੀਤਾ ਗਿਆ ਜਾਂ ਕਿਸੇ ਕਰਮਚਾਰੀ ਦਾ ਨਾਮ ਇਸ ਸੀਨੀਆਰਤਾ ਸੂਚੀ ਵਿੱਚ ਦਰਜ਼ ਹੋਣ ਤੋਂ ਰਹਿ ਗਿਆ ਹੋਵੇ ਜਾਂ ਕਿਸੇ ਕਰਮਚਾਰੀ ਦੇ ਸੇਵਾ ਵੇਰਵੇ ਗਲਤ ਹੋਣ ਤਾਂ ਉਹ ਇਸ ਸਬੰਧੀ ਆਪਣੀ ਪ੍ਰਤੀਬੇਨਤੀ ਸੂਚੀ ਜਾਰੀ ਹੋਣ ਦੀ ਮਿਤੀ ਤੋਂ ਇੱਕ ਮਹੀਨੇ ਦੇ ਅੰਦਰ-ਅੰਦਰ ਸਬੰਧਤ ਦਫ਼ਤਰ ਰਾਹੀ ਇਸ ਦਫ਼ਤਰ ਨੂੰ ਭੇਜਣ ਦੀ ਖੇਚਲ ਕਰਨ। ਉਕਤ ਪੱਤਰ ਵਿੱਚ ਇਹ ਵੀ ਲਿਖਿਆ ਗਿਆ ਸੀ ਕਿ ਮਿੱਥੇ ਸਮੇ ਤੋ ਬਾਅਦ ਪ੍ਰਾਪਤ ਹੋਣ ਵਾਲੀ ਕਿਸੇ ਵੀ ਪ੍ਰਤੀਬੇਨਤੀ ਤੇ ਕੋਈ ਕਾਰਵਾਈ ਨਹੀਂ ਕੀਤੀ ਜਾਵੇਗੀ ਅਤੇ ਕੋਈ ਵੀ ਤਬਦੀਲੀ ਨਾਂ ਹੋਣ ਦੀ ਸੂਰਤ ਵਿੱਚ ਇਹ ਸੀਨੀਆਰਤਾ ਸੂਚੀ ਖੁੱਦ-ਬ-ਖੁੱਦ ਪੂਰਨ, ਸਹੀ ਅਤੇ ਅੰਤਿਮ ਸਮਝੀ ਜਾਵੇਗੀ ।

ਉਪਰੋਕਤ ਸਰਕੂਲੇਟ ਕੀਤੀ ਗਈ ਟੈਨਟੇਟਿਵ ਸੀਨੀਆਰਤਾ ਸੂਚੀ ਸਬੰਧੀ ਕੋਈ ਵੀ ਇਤਰਾਜ਼/ਪ੍ਰਤੀ-ਬੇਨਤੀ ਪ੍ਰਾਪਤ ਨਹੀ ਹੋਈ, ਇਸ ਲਈ ਇਸ ਟੈਨਟੇਟਿਵ ਸੀਨੀਆਰਤਾ ਸੂਚੀ ਨੂੰ ਅੰਤਿਮ ਸੀਨੀਆਰਤਾ ਸੂਚੀ ਘੋਸ਼ਿਤ ਕੀਤਾ ਜਾਂਦਾ ਹੈ।

ਇਥੇ ਇਹ ਵੀ ਵਰਨਣ ਯੋਗ ਹੈ ਕਿ ਇਸ ਸਬੰਧ ਵਿੱਚ ਚੱਲ ਰਹੇ ਕੋਰਟ ਕੇਸਾਂ ਦਾ ਜੋ ਵੀ ਫੈਸਲਾ ਹੋਵੇਗਾ, ਉਹ ਇਸ ਅੰਤਿਮ ਘੋਸ਼ਿਤ ਕੀਤੀ ਗਈ ਸੀਨੀਆਰਤਾ ਸੂਚੀ ਤੇ ਇੰਨ-ਬਿੰਨ ਲਾਗੂ ਹੋਵੇਗਾ ।

ਇਹ ਸਮਰੱਥ ਅਧਿਕਾਰੀ ਦੀ ਪ੍ਰਵਾਨਗੀ ਨਾਲ ਜਾਰੀ ਕੀਤਾ ਜਾਂਦਾ ਹੈ ਜੀ ।

ਨੱਥੀ/ ਐਸ.ਐਸ.ਏ. ਦੀ
ਅੰਤਿਮ ਸੀਨੀਆਰਤਾ ਸੂਚੀ ।

**ਵਧੀਕ ਨਿਗ:ਇੰਜੀ:/ਪ੍ਰਸੋਨਲ(ਪੀਤੇਆਰ)**
**ਪੀ.ਐਸ.ਟੀ.ਸੀ.ਐਲ,ਪਟਿਆਲਾ**

2618
28/2/2020

**ਸੀ.ਸੀ.:-** ਉਪ ਮੁੱਖ ਇੰਜੀ:/ਆਈ.ਟੀ., ਪੀ.ਐਸਟੀ.ਸੀ.ਐਲ,ਪਟਿਆਲਾ ਨੂੰ ਭੇਜਦੇ ਹੋਏ ਬੇਨਤੀ ਕੀਤੀ ਜਾਂਦੀ ਹੈ ਕਿ ਐਸ.ਐਸ.ਏ. ਦੀ ਅੰਤਿਮ ਸੀਨੀਆਰਤਾ ਸੂਚੀ ਪੀ.ਐਸ.ਟੀ.ਸੀ.ਐਲ,ਦੀ ਵੈਬ ਸਾਈਟ ਤੇ ਅਪਲੋਡ ਕਰਨ ਦੀ ਖੇਚਲ ਕੀਤੀ ਜਾਵੇ ਜੀ।

Scanned by TapScanner

ਪੀ.ਐਸ.ਟੀ.ਸੀ.ਐਲ. ਵੱਲੋ ਨਿਯੁਕਤ ਕੀਤੇ ਐਸ.ਐਸ.ਏ. ਕਰਮਚਾਰੀਆਂ ਦੀ ਮਿਤੀ 05-09-2014 ਤੋ 31-12-2015 ਤੱਕ ਦੀ ਅੰਤਿਮ ਸੀਨੀਆਰਤਾ ਸੂਚੀ

| ਲੜੀ ਨੰ: | ਕਰਮਚਾਰੀ ਦਾ ਨਾਮ/ ਸਰਵ ਸ਼੍ਰੀ. | ਪਿਤਾ ਦਾ ਨਾਮ/ ਸਰਵ ਸ਼੍ਰੀ. | ਆਈ.ਡੀ ਨੰ | ਸੀਨੀ ਨੰ: | ਜਨਮ ਮਿਤੀ | ਪੀ.ਐਸ.ਟੀ.ਸੀ.ਐਲ ਵਿੱਚ ਹਾਜਰ ਹੋਣ ਦੀ ਮਿਤੀ | ਮੌਜੂਦਾ ਅਸਾਮੀ ਤੇ ਹਾਜ਼ਰ ਹੋਣਦੀ ਮਿਤੀ | ਸ਼੍ਰੇਣੀ | ਵਿਸ਼ੇਸ਼ ਕਥਨ |
|---|---|---|---|---|---|---|---|---|---|
| 1 | ਅੰਕੁਸ਼ ਸ਼ਰਮਾ | ਪਵਨ ਕੁਮਾਰ | 603309 | 202 | 26.6.92 | 22.12.15 (ਦ:ਬ) | 22.12.15 (ਦ:ਬ) | ਜਨਰਲ | |

ਵਧੀਕ ਨਿਗ:ਇੰਜੀ:/ਪ੍ਰਸੋਨਲ(ਪੀਤੇਆਰ)
ਪੀ.ਐਸ.ਟੀ.ਸੀ.ਐਲ,ਪਟਿਆਲਾ

Scanned by TapScanner